BRAMPTON

**Media Release**

ਤੁਰੰਤ ਰਿਲੀਜ ਲਈ

# ਸਿਟੀ ਆਫ ਬ੍ਰੈਂਪਟਨ, ਕਮਿਉਨਿਟੀ ਨੂੰ ਸਾਫ, ਸੁਰੱਖਿਅਤ ਅਤੇ ਹਰਾ-ਭਰਾ ਰੱਖਣ ਵਿੱਚ ਮਦਦ ਲਈ ਪ੍ਰਦੂਸ਼ਣ ਰੋਕਥਾਮ ਹਫਤਾ ਮਨਾ ਰਹੀ ਹੈ

ਬ੍ਰੈਂਪਟਨ, ਓਨਟੈਰੀਓ (18 ਸਤੰਬਰ, 2023) – 18 ਤੋਂ 22 ਸਤੰਬਰ ਤੱਕ, ਸਿਟੀ ਆਫ ਬ੍ਰੈਂਪਟਨ ਪ੍ਰਦੂਸ਼ਣ ਰੋਕਥਾਮ ਹਫਤਾ (ਪੋਲਿਊਸ਼ਨ ਪ੍ਰੀਵੈਨਸ਼ਨ ਵੀਕ) (Pollution Prevention Week) ਮਨਾ ਰਹੀ ਹੈ ਅਤੇ ਵਸਨੀਕਾਂ, ਵਿਜੀਟਰਸ (ਆਉਣ ਵਾਲੇ) ਅਤੇ ਕਾਰੋਬਾਰਾਂ ਨੂੰ, ਕੁਦਰਤੀ ਵਾਤਾਵਰਣ ਦੀ ਸੁਰੱਖਿਆ ਦਾ ਮਹੱਤਵ ਯਾਦ ਕਰਵਾ ਰਹੀ ਹੈ।

ਪ੍ਰਦੂਸ਼ਣ ਰੋਕਥਾਮ ਹਫਤਾ, ਇੱਕ ਸਾਲਾਨਾ ਮੁਹਿੰਮ ਹੈ, ਜਿਸਦਾ ਉਦੇਸ਼ ਰੋਜ਼ਾਨਾ ਦੀਆਂ ਉਹਨਾਂ ਕਾਰਵਾਈਆਂ ਦੇ ਪ੍ਰਤੀ ਜਾਗਰੂਕਤਾ ਵਧਾਉਣਾ ਹੈ, ਜੋ ਪ੍ਰਦੂਸ਼ਕਾਂ ਨੂੰ ਵਾਤਾਵਰਣ ਵਿੱਚ ਦਾਖਲ ਹੋਣ ਤੋਂ ਘਟਾਉਣ ਅਤੇ ਰੋਕਣ ਲਈ ਕੀਤੀਆਂ ਜਾ ਸਕਦੀਆਂ ਹਨ।

ਇਸ ਸਾਲ ਬ੍ਰੈਂਪਟਨ, ਪ੍ਰਦੂਸ਼ਣ ਰੋਕਥਾਮ ਦੇ ਮਹੱਤਵ ਨੂੰ ਉਜਾਗਰ ਕਰੇਗਾ, ਜੋ ਕੂੜੇ ਨੂੰ ਘਟਾਉਣ ਅਤੇ ਬ੍ਰੈਂਪਟਨ ਦੇ ਸਟੌਰਮਵਾਟਰ ਡ੍ਰੇਨੇਜ ਸਿਸਟਮ ਬਾਰੇ ਜਾਗਰੂਕਤਾ ਫੈਲਾਉਣ ਤੇ ਕੇਂਦਰਿਤ ਹੋਵੇਗਾ। ਸਟੌਰਮਵਾਟਰ, ਵਰਖਾ ਅਤੇ ਪਿਘਲੀ ਹੋਈ ਸਨੋ ਹੁੰਦੀ ਹੈ, ਜੋ ਸਟ੍ਰੀਟਸ ਤੋਂ ਵਹਿ ਕੇ ਸਿਟੀ ਦੇ ਸਟੌਰਮਵਾਟਰ ਡ੍ਰੇਨੇਜ ਸਿਸਟਮ ਵਿੱਚ ਅਤੇ ਅੰਤ ਵਿੱਚ ਵਾਤਾਵਰਣ ਵਿੱਚ ਚਲੀ ਜਾਂਦੀ ਹੈ। ਸਟੌਰਮਵਾਟਰ ਜ਼ਮੀਨ ਤੇ ਵਹਿਣ ਵਾਲੇ ਪ੍ਰਦੂਸ਼ਕ ਪਦਾਰਥਾਂ ਨੂੰ ਨਾਲ ਲੈ ਜਾਂਦਾ ਹੈ, ਜਿਵੇਂ ਪਾਲਤੂ ਜਾਨਵਰਾਂ ਦਾ ਪਖਾਨਾ, ਫਰਟੀਲਾਈਜ਼ਰ, ਕੀਟਨਾਸ਼ਕ, ਸੜਕ ਦਾ ਨਮਕ, ਮੋਟਰ ਤੇਲ ਅਤੇ ਆਟੋਮੋਟਿਵ ਤਰਲ ਪਦਾਰਥ ਅਤੇ ਕੂੜਾ। ਕੂੜੇ ਨੂੰ ਘਟਾਉਣ ਅਤੇ ਖਤਰਨਾਕ ਸਮਾਨ ਦਾ ਸੁਰੱਖਿਅਤ ਤਰੀਕੇ ਨਾਲ ਨਿਪਟਾਰਾ, ਪ੍ਰਦੂਸ਼ਕ ਪਦਾਰਥਾਂ ਨੂੰ ਸਟੌਰਮਵਾਟਰ ਡ੍ਰੇਨੇਜ ਸਿਸਟਮ ਵਿੱਚ ਦਾਖਲ ਹੋਣ ਤੋਂ ਰੋਕਣ ਵਿੱਚ ਮਦਦ ਕਰਦਾ ਹੈ।

**ਪ੍ਰਦੂਸ਼ਣ ਰੋਕਥਾਮ ਸਬੰਧੀ ਪੰਜ ਕਾਰਵਾਈਆਂ:**

1. ਆਪਣੀ ਪ੍ਰਾਪਰਟੀ ਨੂੰ ਸਾਫ ਅਤੇ ਕੂੜੇ ਤੋਂ ਮੁਕਤ ਰੱਖੋ ਜਾਂ ਲੋਕਲ ਪਾਰਕਸ ਕਲੀਨਅਪ (Parks Cleanup) ਕਾਰਜਕਰਮ ਨਾਲ ਜੁੜੋ ਜਾਂ ਆਯੋਜਿਤ ਕਰੋ।
2. ਆਪਣੇ ਪਾਲਤੂ ਜਾਨਵਰ ਦਾ ਪਖਾਨਾ ਸਾਫ ਕਰੋ ਅਤੇ ਸਹੀ ਢੰਗ ਨਾਲ ਉਸਦਾ ਨਿਪਟਾਰਾ ਕਰੋ।
3. ਸੜਕ ਤੇ ਨਮਕ ਧਿਆਨ ਨਾਲ ਵਿਛਾਓ। ਨਮਕ ਵਿਛਾਉਣ ਤੋਂ ਪਹਿਲਾਂ ਸਨੋ ਅਤੇ ਬਰਫ ਨੂੰ ਬੇਲਚੇ ਨਾਲ ਹਟਾ ਦਿਓ।
4. ਫਰਟੀਲਾਈਜ਼ਰਸ ਅਤੇ ਕੀਟਨਾਸ਼ਕਾਂ/ਬੇਕਾਰ ਜੜੀ-ਬੂਟੀ ਨੂੰ ਮਾਰਨ ਵਾਲੀਆਂ ਦਵਾਈਆਂ ਦੀ ਵਰਤੋਂ ਘਟਾਓ ਜਾਂ ਖਤਮ ਕਰੋ।
5. ਘਰੇਲੂ ਖਤਰਨਾਕ ਸਮਾਨ ਦਾ ਨਿਪਟਾਰਾ, ਰੀਜਨ ਆਫ ਪੀਲ (Region of Peel) ਦੇ ਕਮਿਉਨਿਟੀ ਰਿਸਾਇਕਲਿੰਗ ਸੈਂਟਰਾਂ (Community Recycling Centres) ਵਿਖੇ ਕਰੋ, ਜਿਵੇਂ ਮੋਟਰ ਤੇਲ, ਐਂਟੀਫ੍ਰੀਜ਼ ਅਤੇ ਪੇਂਟ।

**ਇਹ ਤਾਰੀਖ ਯਾਦ ਰੱਖੋ**

ਵਸਨੀਕਾਂ ਅਤੇ ਵਿਜੀਟਰਾਂ ਨੂੰ, ਬ੍ਰੈਂਪਟਨ ਫਾਰਮਰਸ ਮਾਰਕੀਟ (Brampton Farmers' Market) ਵਿਖੇ ਪ੍ਰਦੂਸ਼ਣ ਰੋਕਥਾਮ ਹਫਤੇ ਵਿੱਚ ਸੱਦਾ ਦਿੱਤਾ ਜਾਂਦਾ ਹੈ, ਜਿਸ ਵਿੱਚ ਸ਼ਾਮਲ ਹੋਵੇਗਾ, ਗੇਮਸ, ਇਨਾਮ ਅਤੇ ਕੈਚਬੇਸਿਨ ਆਰਟ ਪ੍ਰੋਜੈਕਟ (Catchbasin Art Project) ਦੁਆਰਾ ਲੋਕਲ ਕਲਾਕਾਰਾਂ ਵੱਲੋਂ ਪੇਂਟ ਕੀਤੇ ਕੈਚਬੇਸਿਨ ਮੁਰਾਲਸ ਤੋਂ ਪਰਦਾ ਚੁੱਕਣਾ।

ਗੇਜ ਪਾਰਕ (Gage Park) ਵਿਖੇ ਸ਼ਨੀਵਾਰ, 23 ਸਤੰਬਰ, 2023, ਸਵੇਰੇ 8 ਵਜੇ ਤੋਂ ਦੁਪਹਿਰ ਬਾਅਦ 1 ਵਜੇ ਤੱਕ।

ਕੈਚਬੇਸਿਨ ਆਰਟ ਪ੍ਰੋਜੈਕਟ ਬਾਰੇ ਵਧੇਰੇ ਜਾਣਕਾਰੀ ਲਈ, ਕਿਰਪਾ ਕਰਕੇ ਇੱਥੇ ਜਾਓ, ਸਿਟੀ ਆਫ ਬ੍ਰੈਂਪਟਨ | ਸਟੌਰਮਵਾਟਰ | ਸਟ੍ਰੀਟਸ ਤੋਂ ਸਟ੍ਰੀਮਸ ਤੱਕ – ਕੈਚਬੇਸਿਨ ਆਰਟ ਪ੍ਰੋਜੈਕਟ (City of Brampton | Stormwater | From Streets to Streams - Catchbasin Art Project)।

**ਲਿੰਕ**

ਲੋਕਲ ਪਾਰਕ ਕਲੀਨਅਪ ਕਾਰਜਕਰਮਾਂ ਬਾਰੇ ਵਧੇਰੇ ਜਾਣਕਾਰੀ ਲਈ, ਕਿਰਪਾ ਕਰਕੇ ਇੱਥੇ ਜਾਓ, ਸਿਟੀ ਆਫ ਬ੍ਰੈਂਪਟਨ | ਪਾਰਕਸ ਐਂਡ ਓਪਨ ਸਪੇਸਿਜ | ਪਾਰਕਸ ਕਲੀਨਅਪ (City of Brampton | Parks and Open Spaces | Parks Cleanup)।

ਕੂੜੇ ਦੇ ਸਹੀ ਨਿਪਟਾਰੇ ਬਾਰੇ ਵਧੇਰੇ ਜਾਣਕਾਰੀ ਲਈ, ਕਿਰਪਾ ਕਰਕੇ ਇੱਥੇ ਜਾਓ, ਕਮਿਉਨਿਟੀ ਰਿਸਾਇਕਲਿੰਗ ਸੈਂਟਰ – ਰੀਜਨ ਆਫ ਪੀਲ (Community Recycling Centres - Region of Peel) (peelregion.ca)

ਇਸ ਬਾਰੇ ਵਧੇਰੇ ਜਾਣਕਾਰੀ ਲਈ ਕਿ ਵਸਨੀਕ ਅਤੇ ਕਾਰੋਬਰ, ਸਟੌਰਮਵਾਟਰ ਪ੍ਰਦੂਸ਼ਣ ਨੂੰ ਕਿਵੇਂ ਰੋਕ ਸਕਦੇ ਹਨ, ਕਿਰਪਾ ਕਰਕੇ ਇੱਥੇ ਜਾਓ, ਸਿਟੀ ਆਫ ਬ੍ਰੈਂਪਟਨ | ਸਟੌਰਮਵਾਟਰ | ਘਰ ਵਿੱਚ ਪ੍ਰਦੂਸ਼ਣ ਰੋਕਥਾਮ (City of Brampton | Stormwater | Pollution Prevention at Home)।

**ਹਵਾਲੇ**

"ਬ੍ਰੈਂਪਟਨ ਇੱਕ ਅਜਿਹੀ ਕਮਿਉਨਿਟੀ ਹੈ, ਜੋ ਇੱਕ ਸਿਹਤਮੰਦ, ਬਹਾਲ ਅਤੇ ਸਥਿਰ ਸ਼ਹਿਰ ਬਣਾਉਣ ਵਾਸਤੇ, ਸਾਡੇ ਕੁਦਰਤੀ ਅਤੇ ਬਣੇ-ਬਣਾਏ ਵਾਤਾਵਰਣਾਂ ਨੂੰ ਸੰਭਾਲਦੀ ਹੈ, ਉਹਨਾਂ ਦਾ ਵਿਸਤਾਰ ਕਰਦੀ ਹੈ ਅਤੇ ਸੰਤੁਲਨ ਕਾਇਮ ਕਰਦੀ ਹੈ। ਸਾਡੇ ਵਾਤਾਵਰਣ ਦੀ ਦੇਖਭਾਲ ਕਰਨ ਵਿੱਚ ਹਰ ਕੋਈ ਭੂਮਿਕਾ ਨਿਭਾ ਸਕਦਾ ਹੈ ਅਤੇ ਪ੍ਰਦੂਸ਼ਣ ਰੋਕਥਾਮ, ਸਾਡੇ ਗ੍ਰਹਿ ਦੇ ਪ੍ਰਤੀ ਸਾਡੀ ਜ਼ਿੰਮੇਵਾਰੀ ਹੈ। ਇਸ ਪ੍ਰਦੂਸ਼ਣ ਰੋਕਥਾਮ ਹਫਤੇ ਵਿੱਚ, ਵਸਨੀਕ, ਕਾਰੋਬਾਰ ਅਤੇ ਵਿਜੀਟਰ ਉਸ ਕੰਮ ਦਾ ਜਸ਼ਨ ਮਨਾ ਸਕਦੇ ਹਨ, ਜੋ ਅਸੀਂ ਬ੍ਰੈਂਪਟਨ ਲਈ ਵੱਧ ਸਾਫ ਅਤੇ ਸੁਨਹਿਰਾ ਭਵਿੱਖ ਬਣਾਉਣ ਲਈ ਕਰ ਰਹੇ ਹਾਂ।"

- *ਪੈਟਰਿਕ ਬ੍ਰਾਉਨ* (Patrick Brown), *ਮੇਅਰ, ਸਿਟੀ ਆਫ ਬ੍ਰੈਂਪਟਨ*

"ਅੱਜ ਪ੍ਰਦੂਸ਼ਣ ਨੂੰ ਰੋਕਣਾ, ਵੱਧ ਸਾਫ ਅਤੇ ਵੱਧ ਸੁਨਹਿਰੇ ਭਵਿੱਖ ਨੂੰ ਯਕੀਨੀ ਬਣਾਉਂਦਾ ਹੈ। ਸਾਡੇ ਗ੍ਰਹਿ ਨੂੰ ਕਾਇਮ ਰੱਖਣ ਵਾਸਤੇ ਇਕੱਠੇ ਕੰਮ ਕਰਨਾ, ਧਰਤੀ, ਪਾਣੀ ਅਤੇ ਹਵਾ ਨੂੰ ਬਚਾਉਣ ਲਈ ਅਸਾਨ ਵਿਕਲਪਾਂ ਅਤੇ ਬੇਬਾਕ ਕਾਰਵਾਈਆਂ ਨਾਲ ਸ਼ੁਰੂ ਹੁੰਦਾ ਹੈ। ਮੈਂ ਹਰ ਕਿਸੇ ਨੂੰ ਸਲਾਹ ਦਿੰਦਾ ਹਾਂ ਕਿ ਪ੍ਰਦੂਸ਼ਣ ਰੋਕਥਾਮ ਹਫਤੇ ਦੇ ਦੌਰਾਨ, ਇਸ ਬਾਰੇ ਵਧੇਰੇ ਜਾਣਕਾਰੀ ਪ੍ਰਾਪਤ ਕਰੋ ਕਿ ਵੱਧ ਸਾਫ, ਸਿਹਤਮੰਦ ਬ੍ਰੈਂਪਟਨ ਬਣਾਉਣ ਦਾ ਹਿੱਸਾ ਬਣਨ ਲਈ ਪ੍ਰਦੂਸ਼ਣ ਨੂੰ ਕਿਵੇਂ ਰੋਕਿਆ ਜਾਵੇ।"

- *ਮਾਈਕਲ ਪਲੇਸ਼ੀ* (Michael Palleschi), *ਰੀਜਨਲ ਕਾਉਂਸਲਰ, ਵਾਰਡਸ 2 ਅਤੇ 6; ਚੇਅਰ, ਪਲਾਨਿੰਗ ਐਂਡ ਡਿਵੈਲਪਮੈਂਟ, ਸਿਟੀ ਆਫ ਬ੍ਰੈਂਪਟਨ*

"ਸਿਟੀ ਆਫ ਬ੍ਰੈਂਪਟਨ ਸਮਝਦੀ ਹੈ ਕਿ ਸਥਿਰ ਕੱਲ੍ਹ, ਅੱਜ ਦੀਆਂ ਜ਼ਿੰਮੇਵਾਰ ਕਾਰਵਾਈਆਂ ਨਾਲ ਸ਼ੁਰੂ ਹੁੰਦਾ ਹੈ। ਵਸਨੀਕਾਂ, ਕਾਰੋਬਾਰਾਂ ਅਤੇ ਕਰਮਚਾਰੀਆਂ ਦੇ ਨਾਲ ਮਿਲ ਕੇ, ਅਸੀਂ ਬ੍ਰੈਂਪਟਨ ਦੀ ਵਾਤਵਰਣ ਸਬੰਧੀ ਤੰਦਰੁਸਤੀ ਨੂੰ ਕਾਇਮ ਰੱਖਣ ਲਈ ਵਚਨਬੱਧ ਹਾਂ। ਸਿਟੀ ਦਾ ਗ੍ਰੋ ਗ੍ਰੀਨ ਪਲਾਨ, ਸਥਿਰ ਭਵਿੱਖ ਲਈ ਇੱਕ ਬਲੂਪ੍ਰਿੰਟ ਹੈ ਅਤੇ ਪ੍ਰਦੂਸ਼ਣ ਰੋਕਥਾਮ ਹਫਤੇ ਦੇ ਦੌਰਾਨ, ਅਸੀਂ ਬ੍ਰੈਂਪਟਨ ਦੇ ਕੁਦਰਤੀ ਵਾਤਾਵਰਣ ਨੂੰ ਸੁਰੱਖਿਅਤ ਰੱਖਣ ਦੇ ਪ੍ਰਤੀ ਸਾਡੀ ਵਚਨਬੱਧਤਾ ਤੇ ਨਵੇਂ ਸਿਰਿਓਂ ਧਿਆਨ ਦੇ ਰਹੇ ਹਾਂ।"

- *ਮਾਰਲੋਨ ਕੈਲੀਡੀਨ* (Marlon Kallideen), *ਚੀਫ ਐਡਮਿਨਿਸਟ੍ਰੇਟਿਵ ਅਫਸਰ, ਸਿਟੀ ਆਫ ਬ੍ਰੈਂਪਟਨ*

-30-

**ਕੈਨੇਡਾ ਵਿੱਚ ਸਭ ਤੋਂ ਵੱਧ ਤੇਜ਼ੀ ਨਾਲ ਵਧਣ ਵਾਲੇ ਸ਼ਹਿਰਾਂ ਵਿੱਚੋਂ ਇੱਕ ਦੇ ਤੌਰ ਤੇ, ਬ੍ਰੈਂਪਟਨ 700,000 ਲੋਕਾਂ ਅਤੇ 90,000 ਕਾਰੋਬਾਰੀਆਂ ਦਾ ਘਰ ਹੈ।** ਅਸੀਂ ਜੋ ਵੀ ਕਰਦੇ ਹਾਂ, ਲੋਕਾਂ ਨੂੰ ਧਿਆਨ ਵਿੱਚ ਰੱਖ ਕੇ ਕਰਦੇ ਹਾਂ। ਅਸੀਂ ਸਾਡੇ ਵੰਨ-ਸੁਵੰਨੇ ਭਾਈਚਾਰਿਆਂ ਤੋਂ ਸਰਗਰਮ ਹੁੰਦੇ ਹਾਂ, ਅਸੀਂ ਨਿਵੇਸ਼ ਨੂੰ ਆਕਰਸ਼ਿਤ ਕਰਦੇ ਹਾਂ ਅਤੇ ਅਸੀਂ ਤਕਨੀਕ ਅਤੇ ਵਾਤਾਵਰਣ ਸਬੰਧੀ ਨਵੀਨਤਾ ਨੂੰ ਅੱਗੇ ਵਧਾਉਣ ਦੇ ਸਫ਼ਰ ਤੇ ਹਾਂ। ਅਸੀਂ ਇੱਕ ਅਜਿਹਾ ਸਿਹਤਮੰਦ ਸ਼ਹਿਰ ਬਣਾਉਣ ਵਿੱਚ ਉੱਨਤੀ ਲਈ ਭਾਈਵਾਲੀ ਕਰਦੇ ਹਾਂ, ਜੋ ਸੁਰੱਖਿਅਤ, ਸਥਿਰ ਅਤੇ ਸਫਲ ਹੋਵੇ। ਸਾਡੇ ਨਾਲ Twitter, Facebook, ਅਤੇ Instagram ਤੇ ਜੁੜੋ। www.brampton.ca ਤੇ ਹੋਰ ਜਾਣੋ।

**ਮੀਡੀਆ ਸੰਪਰਕ**
ਸਿਟੀ ਆਫ ਬ੍ਰੈਂਪਟਨ ਮਲਟੀਕਲਚਰਲ ਮੀਡੀਆ
multiculturalmedia@brampton.ca